ਮਿੱਠੇ ਬੱਚੇ:- ਆਪਣੀ ਤਕਦੀਰ ਉੱਚ ਬਣਾਉਣੀ ਹੈ ਤਾਂ ਕਿਸੇ ਨਾਲ ਵੀ ਗੱਲ ਕਰਦੇ , ਵੇਖਦੇ ਬੁੱਧੀ ਦਾ ਯੋਗ ਇੱਕ ਬਾਪ ਨਾਲ ਲਗਾਓ। "

ਪ੍ਰਸ਼ਨ:- ਨਵੀਂ ਦੁਨੀਆਂ ਦੀ ਸਥਾਪਨਾ ਦੇ ਨਿਮਿਤ ਬਣਨ ਵਾਲੇ ਬੱਚਿਆਂ ਨੂੰ ਬਾਪ ਦਾ ਕਿਹੜਾ ਡਾਇਰੈਕਸ਼ਨ ਮਿਲਿਆ ਹੋਇਆ ਹੈ?

ਉੱਤਰ:- ਬੱਚੇ, ਤੁਹਾਡਾ ਇਸ ਪੁਰਾਣੀ ਦੁਨੀਆ ਨਾਲ ਕੋਈ ਕੁਨੈਕਸ਼ਨ ਨਹੀਂ ਹੈ। ਆਪਣਾ ਦਿਲ ਇਸ ਪੁਰਾਣੀ ਦੁਨੀਆਂ ਨਾਲ ਨਾ ਲਗਾਵੋ। ਜਾਂਚ ਕਰੋ ਅਸੀਂ ਸ਼੍ਰੀਮਤ ਦੇ ਬਰਖਿਲਾਫ਼ ਕੋਈ ਕੰਮ ਤੇ ਨਹੀਂ ਕਰਦੇ ਹਾਂ? ਰੂਹਾਨੀ ਸਰਵਿਸ ਦੇ ਨਿਮਿਤ ਬਣਦੇ ਹਾਂ?

ਗੀਤ:- ਭੋਲੇਨਾਥ ਸੇ ਨਿਰਾਲਾ...

ਓਮ ਸ਼ਾਂਤੀ। ਹੁਣ ਗੀਤ ਸੁਣਨ ਦੀ ਕੋਈ ਜਰੂਰਤ ਨਹੀਂ ਰਹਿੰਦੀ। ਗੀਤ ਅਕਸਰ ਕਰਕੇ ਭਗਤ ਹੀ ਗਾਉਂਦੇ ਹਨ ਅਤੇ ਸੁਣਦੇ ਹਨ। ਤੁਸੀਂ ਤਾਂ ਪੜ੍ਹਾਈ ਪੜ੍ਹਦੇ ਹੋ। ਇਹ ਗੀਤ ਵੀ ਬੱਚਿਆਂ ਲਈ ਖਾਸ ਨਿਕਲੇ ਹੋਏ ਹਨ । ਬੱਚੇ ਜਾਣਦੇ ਹਨ - ਬਾਪ ਸਾਡੀ ਤਕਦੀਰ ਉੱਚ ਬਣਾ ਰਹੇ ਹਨ। ਹੁਣ ਸਾਨੂੰ ਬਾਪ ਨੂੰ ਹੀ ਯਾਦ ਕਰਨਾ ਹੈ ਅਤੇ ਦੈਵੀ ਗੁਣ ਧਾਰਨ ਕਰਨੇ ਹਨ। ਅਪਣਾ ਪੋਤਾ ਮੇਲ ਦੇਖਣਾ ਹੈ। ਜਮਾਂ ਹੁੰਦਾ ਹੈ ਜਾਂ ਨਹੀਂ (ਘਾਟਾ) ਹੁੰਦਾ ਰਹਿੰਦਾ ਹੈ। ਸਾਡੇ ਵਿੱਚ ਕੋਈ ਖਾਮੀ ਤੇ ਨਹੀਂ ਹੈ? ਜੇਕਰ ਖਾਮੀ ਹੈ, ਜਿਸ ਦੇ ਨਾਲ ਸਾਡੀ ਤਕਦੀਰ ਵਿੱਚ ਘਾਟਾ ਪੈ ਜਾਵੇਗਾ ਤਾਂ ਉਸ ਨੂੰ ਕੱਢ ਦੇਣਾ ਚਾਹੀਦਾ ਹੈ। ਇਸ ਸਮੇਂ ਹਰ ਇੱਕ ਨੂੰ ਆਪਣੀ ਤਕਦੀਰ ਉੱਚ ਬਣਾਉਣੀ ਹੈ। ਤੁਸੀਂ ਸਮਝਦੇ ਹੋ ਅਸੀਂ ਇਹ ਲਕਸ਼ਮੀ - ਨਾਰਾਇਣ ਬਣ ਸਕਦੇ ਹਾਂ। ਜੇਕਰ ਸਿਵਾਏ ਬਾਪ ਦੇ ਕਿਸੇ ਹੋਰ ਨੂੰ ਯਾਦ ਨਹੀਂ ਕਰੋਗੇ ਤਾਂ। ਕਿਸੇ ਨਾਲ ਗੱਲਾਂ ਕਰਦੇ, ਵੇਖਦੇ ਹੋਏ ਉੱਥੇ ਬੁੱਧੀ ਦਾ ਯੋਗ ਇੱਕ ਬਾਪ ਨਾਲ ਲਗਾ ਰਹੇ। ਅਸੀਂ ਆਤਮਾਵਾਂ ਨੇ ਬਾਪ ਨੂੰ ਹੀ ਯਾਦ ਕਰਨਾ ਹੈ। ਬਾਪ ਦਾ ਫਰਮਾਨ ਮਿਲਿਆ ਹੋਇਆ ਹੈ। ਸਿਵਾਏ ਮੇਰੇ ਕਿਸੇ ਹੋਰ ਨਾਲ ਦਿਲ ਨਹੀਂ ਲਗਾਓ ਅਤੇ ਦੈਵੀ ਗੁਣ ਧਾਰਨ ਕਰੋ। ਬਾਪ ਸਮਝਾਉਂਦੇ ਹਨ, ਤੁਹਾਡੇ ਹੁਣ 84 ਜਨਮ ਪੂਰੇ ਹੋਏ ਹਨ। ਹੁਣ ਫੇਰ ਤੁਸੀਂ ਜਾ ਕੇ ਪਹਿਲਾ ਨੰਬਰ ਲਵੋ ਰਜਾਈ ਵਿੱਚ। ਇਸ ਤਰ੍ਹਾਂ ਨਾ ਹੋਵੇ ਰਜਾਈ ਤੋਂ ਡਿੱਗ ਕੇ ਪ੍ਰਜਾ ਵਿੱਚ ਚਲੇ ਜਾਵੋ। ਪ੍ਰਜਾ ਵਿੱਚ ਵੀ ਹੇਠਾਂ ਚਲੇ ਜਾਵੋ। ਨਹੀਂ, ਆਪਣੀ ਜਾਂਚ ਕਰਦੇ ਰਹੋ, ਇਹ ਸਮਝ ਬਾਪ ਤੋਂ ਬਿਨਾਂ ਤਾਂ ਹੋਰ ਕੋਈ ਦੇ ਨਾ ਸਕੇ। ਬਾਪ ਨੂੰ, ਟੀਚਰ ਨੂੰ ਯਾਦ ਕਰਨ ਨਾਲ ਡਰ ਰਹੇਗਾ। ਇੰਝ ਨਾ ਹੋਵੇ ਸਾਨੂੰ ਕੋਈ ਸਜ਼ਾ ਮਿਲ ਜਾਏ। ਭਗਤੀ ਵਿੱਚ ਵੀ ਸਮਝਦੇ ਹਨ ਪਾਪ ਕਰਮ ਕਰਨ ਨਾਲ ਅਸੀਂ ਸਜਾ ਦੇ ਭਾਗੀ ਬਣ ਜਾਵਾਂਗੇ। ਵੱਡੇ ਬਾਬਾ ਦੀ ਡਾਇਰੈਕਸ਼ਨ ਤੇ ਹੁਣ ਹੀ ਮਿਲਦੀ ਹੈ, ਜਿਸ ਨੂੰ ਸ਼੍ਰੀਮਤ ਕਹਿੰਦੇ ਹਨ। ਬੱਚੇ ਜਾਣਦੇ ਹਨ ਕੀ ਅਸੀਂ ਸ਼੍ਰੀਮਤ ਤੇ ਸ੍ਰੇਸ਼ਠ ਬਣਦੇ ਹਾਂ। ਆਪਣੀ ਜਾਂਚ ਕਰਨੀ ਹੈ। ਕਿੱਧਰੇ ਅਸੀਂ ਸ਼੍ਰੀਮਤ ਦੇ ਬਰਖਿਲਾਫ ਤੇ ਕੁਝ ਨਹੀਂ ਕਰਦੇ ਹਾਂ? ਜੋ ਗੱਲ ਚੰਗੀ ਨਾ ਲੱਗੇ ਉਹ ਕਰਨੀ ਨਹੀਂ ਚਾਹੀਦੀ ਹੈ। ਚੰਗੇ ਬੁਰੇ ਨੂੰ ਤਾਂ ਹੁਣ ਸਮਝਦੇ ਹੋ, ਅੱਗੇ ਨਹੀਂ ਸਮਝਦੇ ਸੀ। ਹੁਣ ਤੁਸੀਂ ਅਜਿਹੇ ਕਰਮ ਸਿੱਖਦੇ ਹੋ ਜਿਸ ਨਾਲ ਤੁਹਾਡੇ ਜਨਮ - ਜਨਮਾਂਤ੍ਰ ਦੇ ਕਰਮ ਅਕਰਮ ਬਣ ਜਾਂਦੇ ਹਨ। ਇਸ ਸਮੇਂ ਤਾਂ ਸਾਰਿਆਂ ਵਿੱਚ 5 ਭੂਤ ਪ੍ਰਵੇਸ਼ ਹਨ। ਹੁਣ ਚੰਗੀ ਰੀਤੀ ਪੁਰਸ਼ਾਰਥ ਕਰ ਕਰਮਾਤੀਤ ਬਣਨਾ ਹੈ। ਦੈਵੀ ਗੁਣ ਵੀ ਧਾਰਨ ਕਰਨੇ ਹਨ। ਸਮੇਂ ਨਾਜ਼ੁਕ ਹੁੰਦਾ ਜਾਂਦਾ ਹੈ, ਦੁਨੀਆਂ ਵਿਗੜਦੀ ਜਾਂਦੀ ਹੈ। ਦਿਨ ਪ੍ਰਤੀ - ਦਿਨ ਵਿਗੜਦੀ ਹੀ ਰਹੇਗੀ। ਇਸ ਦੁਨੀਆਂ ਨਾਲ ਜਿਵੇਂ ਕਿ ਤੁਹਾਡਾ ਕੁਨੈਕਸ਼ਨ ਹੀ ਨਹੀਂ ਹੈ। ਤੁਹਾਡਾ ਕੁਨੈਕਸ਼ਨ ਹੈ ਨਵੀਂ ਦੁਨੀਆਂ ਦੇ ਨਾਲ, ਜੋ ਸਥਾਪਨ ਹੋ ਰਹੀ ਹੈ। ਤੁਸੀਂ ਜਾਣਦੇ ਹੋ ਅਸੀਂ ਨਿਮਿਤ ਬਣਦੇ ਹਾਂ ਨਵੀਂ ਦੁਨੀਆ ਸਥਾਪਨ ਕਰਨ ਲਈ। ਤਾਂ ਜੋ ਇਹ ਐਮ ਆਬਜੈਕਟ ਸਾਹਮਣੇ ਹੈ, ਉਹਨਾਂ ਵਰਗਾ ਬਣਨਾ ਹੈ। ਕੋਈ ਵੀ ਅਸੁਰੀ ਗੁਣ ਅੰਦਰ ਨਾ ਹੋਵੇ। ਰੂਹਾਨੀ ਸਰਵਿਸ ਵਿਚ ਲੱਗੇ ਰਹਿਣ ਨਾਲ ਉਣਤੀ ਬਹੁਤ ਹੁੰਦੀ ਹੈ। ਪ੍ਰਦਰਸ਼ਨੀ, ਮਿਊਜ਼ੀਅਮ ਆਦਿ ਬਣਾਉਂਦੇ ਹਨ। ਸਮਝਦੇ ਹਨ ਬਹੁਤ ਲੋਕ ਆਉਣਗੇ, ਉਹਨਾਂ ਨੂੰ ਬਾਪ ਦਾ ਪਰਿਚੈ ਦੇਵਾਂਗੇ, ਫਿਰ ਉਹ ਬਾਪ ਨੂੰ ਯਾਦ ਕਰਨ ਲੱਗ ਪੈਣਗੇ। ਸਾਰਾ ਦਿਨ ਇਹ ਹੀ ਖ਼ਿਆਲ ਚਲਦੇ ਰਹਿਣ। ਸੈਂਟਰ ਖੋਲ ਕੇ ਸਰਵਿਸ ਨੂੰ ਵਧਾਈਏ, ਇਹ ਰਤਨ ਸਭ ਤੁਹਾਡੇ ਕੋਲ ਹਨ। ਬਾਪ ਦੈਵੀ ਗੁਣ ਵੀ ਧਾਰਨ ਕਰਵਾਉਂਦੇ ਹਨ ਅਤੇ ਖਜਾਨਾ ਦਿੰਦੇ ਹਨ। ਤੁਸੀਂ ਇੱਥੇ ਬੈਠੇ ਹੋਏ ਬੁੱਧੀ ਵਿੱਚ ਹੈ ਕਿ ਸ੍ਰਿਸ਼ਟੀ ਦੇ ਆਦਿ -ਮਧ - ਅੰਤ ਨੂੰ ਅਸੀਂ ਜਾਣਦੇ ਹਾਂ। ਪਵਿੱਤਰ ਵੀ ਰਹਿੰਦੇ ਹਾਂ। ਮਨਸਾ ਵਾਚਾ ਕਰਮਣਾ ਕੋਈ ਬੁਰਾ ਕਰਮ ਨਾ ਹੋਵੇ, ਉਸ ਦੀ ਪੂਰੀ ਜਾਂਚ ਕਰਨੀ ਹੁੰਦੀ ਹੈ। ਬਾਪ ਆਏ ਹੀ ਹਨ ਪਤਿਤਾਂ ਨੂੰ ਪਾਵਨ ਬਣਾਉਣ। ਉਸ ਦੇ ਲਈ ਯੁਕਤੀਆਂ ਵੀ ਦੱਸਦੇ ਰਹਿੰਦੇ ਹਨ। ਉਸ ਵਿੱਚ ਹੀ ਰਮਨ ਕਰਦੇ ਰਹਿਣਾ ਹੈ। ਸੈਂਟਰ ਖੋਲ੍ਹ ਕੇ ਬਹੁਤਿਆਂ ਨੂੰ ਨਿਮੰਤਰਨ ਦੇਣਾ ਹੈ। ਪਿਆਰ ਨਾਲ ਬੈਠ ਕੇ ਸਮਝਾਉਣਾ ਹੈ। ਇਹ ਪੁਰਾਣੀ ਦੁਨੀਆ ਖਤਮ ਹੋਣੀ ਹੈ। ਪਹਿਲਾਂ ਤਾਂ ਨਵੀਂ ਦੁਨੀਆਂ ਦੀ ਸਥਾਪਨਾ ਬਹੁਤ ਜ਼ਰੂਰੀ ਹੈ। ਸਥਾਪਨਾ ਹੁੰਦੀ ਹੈ ਸੰਗਮ ਤੇ। ਇਹ ਵੀ ਮਨੁੱਖਾਂ ਨੂੰ ਪਤਾ ਨਹੀਂ ਹੈ ਕਿ ਹੁਣ ਸੰਗਮਯੁਗ ਹੈ। ਇਹ ਵੀ ਸਮਝਾਉਣਾ ਹੈ ਨਵੀਂ ਦੁਨੀਆਂ ਦੀ ਸਥਾਪਨਾ, ਪੁਰਾਣੀ ਦੁਨੀਆ ਦਾ ਵਿਨਾਸ਼ ਉਸ ਦਾ ਹੁਣ ਸੰਗਮ ਹੈ। ਨਵੀਂ ਦੁਨੀਆਂ ਦੀ ਸਥਾਪਨਾ ਸ਼੍ਰੀਮਤ ਤੇ ਹੋ ਰਹੀ ਹੈ। ਸਿਵਾਏ ਬਾਪ ਦੇ ਹੋਰ ਕੋਈ ਨਵੀਂ ਦੁਨੀਆਂ ਦੀ ਸਥਾਪਨਾ ਦੀ ਮੱਤ ਦੇਣਗੇ ਨਹੀਂ। ਬਾਪ ਹੀ ਆਕੇ ਤੁਸੀਂ ਬੱਚਿਆਂ ਤੋਂ ਨਵੀਂ ਦੁਨੀਆਂ ਦਾ ਉਦਘਾਟਨ ਕਰਵਾਉਂਦੇ ਹਨ। ਇਕੱਲੇ ਤਾਂ ਨਹੀਂ ਕਰਣਗੇ। ਸਾਰੇ ਬੱਚਿਆਂ ਦੀ ਮਦਦ ਲੈਂਦੇ ਹਨ। ਉਹ ਲੋਕ ਉਦਘਾਟਨ ਕਰਨ ਲਈ ਮਦਦ ਨਹੀਂ ਲੈਣਗੇ। ਆਕੇ ਕੈਂਚੀ ਨਾਲ ਰਿਬਨ ਕੱਟਣਗੇ। ਇੱਥੇ ਤਾਂ ਇਹ ਗੱਲ ਨਹੀਂ। ਇਸ ਵਿੱਚ ਤੁਸੀਂ ਬ੍ਰਾਹਮਣ ਕੁਲਭੂਸ਼ਨ ਮਦਦਗਾਰ ਬਣਦੇ ਹੋ। ਸਭ ਮਨੁੱਖ

ਮਾਤਰ ਰਸਤਾ ਬਿਲਕੁਲ ਮੁੰਝੇ ਹੋਏ ਹਨ। ਪਤਿਤ ਦੁਨੀਆਂ ਨੂੰ ਪਾਵਨ ਬਨਾਉਣਾ ਇਹ ਬਾਪ ਦਾ ਹੀ ਕੰਮ ਹੈ। ਬਾਪ ਹੀ ਨਵੀਂ ਦੁਨੀਆ ਦੀ ਸਥਾਪਨਾ ਕਰਦੇ ਹਨ, ਜਿਸ ਦੇ ਲਈ ਰੂਹਾਨੀ ਨਾਲੇਜ ਦਿੰਦੇ ਹਨ। ਤੁਸੀਂ ਜਾਣਦੇ ਹੋ ਬਾਪ ਕੋਲ ਨਵੀਂ ਦੁਨੀਆਂ ਦੀ ਸਥਾਪਨਾ ਕਰਨ ਦੀ ਯੁਕਤੀ ਹੈ। ਭਗਤੀ-ਮਾਰਗ ਵਿਚ ਉਨ੍ਹਾਂ ਨੂੰ ਪੁਕਾਰਦੇ ਹਨ ਨਾ - ਹੇ ਪਤਿਤ - ਪਾਵਨ ਆਓ। ਭਾਵੇਂ ਸ਼ਿਵਜੀ ਦੀ ਪੂਜਾ ਵੀ ਕਰਦੇ ਰਹਿੰਦੇ ਹਨ। ਪ੍ਰੰਤੂ ਇਹ ਜਾਣਦੇ ਨਹੀਂ ਹਨ ਕਿ ਪਤਿਤ ਪਾਵਨ ਕੌਣ ਹੈ। ਦੁੱਖ ਵਿੱਚ ਯਾਦ ਕਰਦੇ ਹਨ ਹੇ ਭਗਵਾਨ, ਹੇ ਰਾਮ। ਰਾਮ ਵੀ ਨਿਰਾਕਾਰ ਨੂੰ ਹੀ ਕਹਿੰਦੇ ਹਨ। ਨਿਰਾਕਾਰ ਨੂੰ ਹੀ ਉੱਚ ਭਗਵਾਨ ਕਹਿੰਦੇ ਹਨ। ਪਰ ਮਨੁੱਖ ਬਹੁਤ ਮੁੰਝੇ ਹੋਏ ਹਨ। ਬਾਪ ਨੇ ਆ ਕੇ ਕੱਢਿਆ ਹੈ। ਜਿਸ ਤਰ੍ਹਾਂ ਫ਼ਾਗੀ ਵਿੱਚ ਮਨੁੱਖ ਮੁੰਝ ਜਾਂਦੇ ਹਨ ਨਾ। ਇਹ ਤਾਂ ਹੈ ਬੇਹੱਦ ਦੀ ਗੱਲ। ਬਹੁਤ ਵੱਡੇ ਜੰਗਲ ਵਿੱਚ ਆ ਕੇ ਪਏ ਹਨ। ਤਾਂ ਤੁਹਾਨੂੰ ਵੀ ਬਾਪ ਨੇ ਫੀਲ ਕਰਵਾਇਆ ਹੈ ਅਸੀਂ ਕਿਹੜੇ ਜੰਗਲ ਵਿਚ ਪਏ ਹਾਂ। ਇਹ ਵੀ ਹੁਣ ਪਤਾ ਲੱਗਿਆ ਹੈ ਕਿ ਇਹ ਪੁਰਾਨੀ ਦੁਨੀਆਂ ਹੈ। ਇਸਦਾ ਵੀ ਅੰਤ ਹੈ। ਮਨੁੱਖ ਤਾਂ ਬਿਲਕੁਲ ਵੀ ਰਸਤਾ ਜਾਣਦੇ ਨਹੀਂ ਹਨ। ਬਾਪ ਨੂੰ ਪੁਕਾਰਦੇ ਰਹਿੰਦੇ ਹਨ। ਤੁਸੀਂ ਹੁਣ ਪੁਕਾਰਦੇ ਨਹੀਂ ਹੋ। ਹੁਣ ਤੁਸੀਂ ਬੱਚੇ ਡਰਾਮੇ ਦੇ ਆਦਿ- ਮੱਧ -ਅੰਤ ਨੂੰ ਜਾਣਦੇ ਹੋ। ਸੋ ਵੀ ਨੰਬਰਵਾਰ। ਜੋ ਜਾਣਦੇ ਹਨ। ਉਹ ਬਹੁਤ ਖੁਸ਼ੀ ਵਿਚ ਰਹਿੰਦੇ ਹਨ। ਹੋਰਾਂ ਨੂੰ ਵੀ ਰਸਤਾ ਦੱਸਣ ਲਈ ਤਿਆਰ ਰਹਿੰਦੇ ਹਨ। ਬਾਪ ਤੇ ਕਹਿੰਦੇ ਹਨ ਵੱਡੇ-ਵੱਡੇ ਸੈਂਟਰਸ ਖੋਲ੍ਹੋ। ਚਿੱਤਰ ਵੱਡੇ ਵੱਡੇ ਹੋਣਗੇ ਤਾਂ ਮਨੁੱਖ ਸਹਿਜ ਸਮਝ ਸਕਣਗੇ। ਬੱਚਿਆਂ ਦੇ ਲਈ ਮੈਪਸ ( ਚਿੱਤਰ) ਜਰੂਰ ਚਾਹੀਦੇ ਹਨ। ਦੱਸਣਾ ਚਾਹੀਦਾ ਹੈ - ਇਹ ਵੀ ਸਕੂਲ ਹੈ ਇੱਥੇ ਦੇ ਇਹ ਵੰਡਰਫੁੱਲ ਮੈਪਸ ਹਨ, ਉਨ੍ਹਾਂ ਸਕੂਲਾਂ ਦੇ ਨਕਸ਼ੇ ਵਿੱਚ ਤਾਂ ਹੁੰਦੀਆਂ ਹਨ ਹੱਦ ਦੀਆਂ ਗੱਲਾਂ। ਇਹ ਹਨ ਬੇਹੱਦ ਦੀਆਂ ਗੱਲਾਂ। ਇਹ ਵੀ ਪਾਠਸ਼ਾਲਾ ਹੈ। ਜਿਸ ਵਿੱਚ ਬਾਪ ਸਾਨੂੰ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਰਾਜ਼ ਦੱਸਦੇ ਹਨ ਅਤੇ ਲਾਇਕ ਬਣਾਉਂਦੇ ਹਨ। ਮਨੁੱਖ ਤੋਂ ਦੇਵਤਾ ਬਣਨ ਦੀ ਇਹ ਈਸ਼ਵਰੀਏ ਪਾਠਸ਼ਾਲਾ ਹੈ। ਲਿਖਿਆ ਹੋਇਆ ਵੀ ਹੈ ਈਸ਼ਵਰੀਏ ਵਿਸ਼ਵ ਵਿਦਿਆਲਿਆ। ਇਹ ਹੈ ਰੂਹਾਨੀ ਪਾਠਸ਼ਾਲਾ। ਸਿਰਫ ਈਸ਼ਵਰੀਏ ਵਿਸ਼ਵ ਵਿਦਿਆਲੇ ਨਾਲ ਵੀ ਸਮਝ ਨਹੀਂ ਸਕਦੇ ਹਨ। ਯੂਨੀਵਰਸਿਟੀ ਵੀ ਲਿਖਣਾ ਚਾਹੀਦਾ ਹੈ। ਇਹੋ ਜਿਹਾ ਵਿਸ਼ਵ ਵਿਦਿਆਲਿਆ ਕੋਈ ਹੈ ਨਹੀਂ। ਬਾਬਾ ਨੇ ਕਾਰਡਜ਼ ਵੇਖੇ ਸਨ। ਕੁੱਝ ਅੱਖਰ ਭੁੱਲੇ ਹੋਏ ਸੀ। ਬਾਬਾ ਨੇ ਕਿੰਨੇ ਵਾਰ ਕਿਹਾ ਹੈ ਪ੍ਰਜਾਪਿਤਾ ਅੱਖਰ ਜ਼ਰੂਰ ਪਾਓ ਫਿਰ ਵੀ ਬੱਚੇ ਭੁੱਲ ਜਾਂਦੇ ਹਨ। ਲਿਖਤ ਪੂਰੀ ਹੋਣੀ ਚਾਹੀਦੀ ਹੈ। ਜੋ ਮਨੁੱਖਾਂ ਨੂੰ ਪਤਾ ਪਵੇ ਕੀ ਇਹ ਈਸ਼ਵਰੀਏ ਵੱਡਾ ਕਾਲੇਜ ਹੈ। ਬੱਚੇ ਜੋ ਸਰਵਿਸ ਤੇ ਹਾਜਰ ਹਨ, ਜੋ ਚੰਗੇ ਸਰਵਿਸੇਬਲ ਹਨ, ਉਨ੍ਹਾਂਨੂੰ ਵੀ ਦਿਲ ਵਿੱਚ ਰਹਿੰਦਾ ਹੈ ਅਸੀਂ ਫਲਾਣੇ ਸੈਂਟਰ ਨੂੰ ਜਾਕੇ ਉਠਾਈਏ, ਠੰਡਾ ਪੈ ਗਿਆ ਹੈ, ਉਨ੍ਹਾਂਨੂੰ ਜਗਾਈਏ ਕਿਉਕਿ ਮਾਇਆ ਅਜਿਹੀ ਹੈ ਜੋ ਬਾਰ - ਬਾਰ ਸੁਲਾ ਦਿੰਦੀ ਹੈ। ਮੈਂ ਸਵਦਰਸ਼ਨ ਚੱਕਰਧਾਰੀ ਹਾਂ, ਇਹ ਵੀ ਭੁੱਲ ਜਾਂਦੇ ਹਨ। ਮਾਇਆ ਬਹੁਤ ਅਪੋਜਿਸ਼ਨ ਕਰਦੀ ਹੈ। ਤੁਸੀਂ ਯੁੱਧ ਦੇ ਮੈਦਾਨ ਵਿੱਚ ਹੋ। ਮਾਇਆ ਮੱਥਾ ਮੁੰਡ ਕੇ ਉਲਟੇ ਤਰਫ ਨਾ ਲੈ ਜਾਵੇ, ਉਸਦੀ ਬੜੀ ਸੰਭਾਲ ਕਰਨੀ ਹੈ। ਮਾਇਆ ਦੇ ਤੂਫਾਨ ਤਾਂ ਬਹੁਤ ਸਾਰਿਆਂ ਨੂੰ ਲੱਗਦੇ ਹਨ। ਛੋਟੇ ਅਤੇ ਵੱਡੇ ਸਭ ਯੁੱਧ ਦੇ ਮੈਦਾਨ ਵਿੱਚ ਹੋ। ਪਹਿਲਵਾਨ ਨੂੰ ਮਾਇਆ ਦੇ ਤੂਫਾਨ ਹਿਲਾ ਨਹੀਂ ਸਕਦੇ। ਉਹ ਅਵਸਥਾ ਹੁਣ ਆਉਣ ਵਾਲੀ ਹੈ।

ਬਾਪ ਸਮਝਾਉਂਦੇ ਹਨ - ਸਮਾਂ ਬੜਾ ਖਰਾਬ ਹੈ, ਹਲਾਤਾਂ ਵਿਗੜੀਆਂ ਹੋਈਆਂ ਹਨ। ਰਜਾਈ ਤੇ ਸਾਰੀ ਖਤਮ ਹੋ ਜਾਣੀ ਹੈ। ਸਭ ਨੂੰ ਉਤਾਰ ਦੇਣਗੇ। ਫਿਰ ਪ੍ਰਜਾ ਦਾ ਪ੍ਰਜਾ ਤੇ ਰਾਜ ਸਾਰੀ ਦੁਨੀਆਂ ਵਿੱਚ ਹੋ ਜਾਵੇਗਾ। ਤੁਸੀਂ ਆਪਣੀ ਨਵੀਂ ਰਜਾਈ ਸਥਾਪਤ ਕਰਦੇ ਹੋ ਤਾਂ ਇੱਥੇ ਰਜਾਈ ਦਾ ਨਾਮ ਹੀ ਖਤਮ ਹੋ ਜਾਵੇਗਾ। ਪੰਚਾਇਤੀ ਰਾਜ ਹੁੰਦਾ ਜਾਂਦਾ ਹੈ। ਜਦੋਂ ਪ੍ਰਜਾ ਦਾ ਰਾਜ ਹੋਵੇ ਤਾਂ ਆਪਸ ਵਿੱਚ ਲੜ੍ਹਨ ਝਗੜ੍ਹਨ। ਸਵਰਾਜ ਅਤੇ ਰਾਮ ਰਾਜ ਅਸਲ ਵਿੱਚ ਤਾਂ ਹੈ ਨਹੀਂ। ਇਸ ਲਈ ਸਾਰੀ ਦੁਨੀਆਂ ਵਿੱਚ ਝਗੜੇ ਹੁੰਦੇ ਰਹਿੰਦੇ ਹਨ। ਅੱਜਕਲ ਤਾਂ ਹੰਗਾਮਾ ਹਰ ਜਗ੍ਹਾ ਤੇ ਹੈ। ਤੁਸੀਂ ਜਾਣਦੇ ਹੋ - ਅਸੀਂ ਆਪਣੀ ਰਜਾਈ ਸਥਾਪਨ ਕਰ ਰਹੇ ਹਾਂ। ਤੁਸੀਂ ਸਭ ਨੂੰ ਰਸਤਾ ਦੱਸਦੇ ਹੋ। ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ। ਬਾਪ ਦੀ ਯਾਦ ਵਿੱਚ ਰਹਿ ਕੇ ਦੂਜਿਆਂ ਨੂੰ ਵੀ ਇਹ ਸਮਝਾਉਣਾ ਹੈ - ਦੇਹੀ - ਅਭਿਮਾਨੀ ਬਣੋ। ਦੇਹ - ਅਭਿਮਾਨ ਛੱਡੋ। ਇਵੇਂ ਨਹੀਂ ਕਿ ਤੁਹਾਡੇ ਵਿੱਚ ਸਭ ਦੇਹੀ - ਅਭਿਮਾਨੀ ਬਣੇ ਹਨ। ਨਹੀਂ, ਬਣਨ ਦਾ ਹੈ। ਤੁਸੀਂ ਪੁਰਸ਼ਾਰਥ ਕਰਦੇ ਹੋ ਤੇ ਹੋਰਾਂ ਨੂੰ ਵੀ ਕਰਵਾਉਂਦੇ ਹੋ। ਯਾਦ ਕਰਨ ਦੀ ਕੋਸ਼ਿਸ਼ ਕਰਦੇ ਹਨ ਫਿਰ ਭੁੱਲ ਜਾਂਦੇ ਹਨ। ਪੁਰਸ਼ਾਰਥ ਇਹ ਹੀ ਕਰਨਾ ਹੈ। ਮੂਲ ਗੱਲ ਹੈ ਬਾਪ ਨੂੰ ਯਾਦ ਕਰਨਾ । ਬੱਚਿਆਂ ਨੂੰ ਕਿੰਨਾ ਸਮਝਾਉਂਦੇ ਹਨ। ਨਾਲੇਜ ਬਹੁਤ ਚੰਗੀ ਮਿਲਦੀ ਹੈ। ਮੂਲ ਗੱਲ ਹੈ ਪਵਿੱਤਰ ਰਹਿਣਾ। ਬਾਪ ਪਾਵਨ ਬਣਾਉਣ ਆਏ ਹਨ ਤੇ ਫਿਰ ਪਤਿਤ ਨਹੀਂ ਬਨਣਾ ਹੈ, ਯਾਦ ਨਾਲ ਹੀ ਤੁਸੀਂ ਸਤੋਪ੍ਰਧਾਨ ਬਣ ਜਾਵੋਗੇ। ਇਹ ਭੁੱਲਣਾ ਨਹੀਂ ਹੈ। ਮਾਇਆ ਇਸ ਵਿੱਚ ਵਿਘਨ ਪਾ ਕੇ ਭੁਲਾ ਦਿੰਦੀ ਹੈ। ਰਾਤ ਦਿਨ ਇਹ ਤਾਤ ਰਹੇ ਅਸੀਂ ਬਾਪ ਨੂੰ ਯਾਦ ਕਰਕੇ ਸਤੋਪ੍ਰਧਾਨ ਬਣੀਏ। ਯਾਦ ਅਜਿਹੀ ਪੱਕੀ ਹੋਣੀ ਚਾਹੀਦੀ ਹੈ ਜੋ ਪਿਛਾੜੀ ਵਿੱਚ ਸਿਵਾਏ ਇੱਕ ਬਾਪ ਦੇ ਹੋਰ ਕੋਈ ਯਾਦ ਨਾ ਪਵੇ। ਪ੍ਰਦਰਸ਼ਨੀ ਵਿੱਚ ਵੀ ਪਹਿਲਾਂ ਪਹਿਲਾਂ ਇਹ ਸਮਝਾਉਣਾ ਚਾਹੀਦਾ ਹੈ ਇਹ ਹੈ ਸਾਰਿਆਂ ਦਾ ਬਾਪ ਉਂਚ ਤੇ ਉਂਚ ਭਗਵਾਨ। ਤੁਹਾਡਾ ਸਭ ਦਾ ਬਾਪ ਪਤਿਤ ਪਾਵਨ ਸਦਗਤੀ ਦਾਤਾ ਇਹ ਹੈ। ਇਹ ਹੀ ਸਵਰਗ ਦਾ ਰਚੈਤਾ ਹੈ।

ਹੁਣ ਤੁਸੀਂ ਬੱਚੇ ਜਾਣਦੇ ਹੋ ਬਾਪ ਆਉਂਦੇ ਹੀ ਹਨ ਸੰਗਮ ਯੁੱਗ ਤੇ। ਬਾਪ ਹੀ ਰਾਜਯੋਗ ਸਿਖਾਂਉਦੇ ਹਨ। ਪਤਿਤ ਪਾਵਨ ਇੱਕ ਦੇ ਸਿਵਾਏ ਦੂਜਾ ਕੋਈ ਹੋ ਨਹੀਂ ਸਕਦਾ। ਪਹਿਲੇ ਪਹਿਲੇ ਤਾਂ ਬਾਪ ਦਾ ਪਰਿਚੈ ਦੇਣਾ ਪੈਂਦਾ ਹੈ। ਹੁਣ ਇੱਕ - ਇੱਕ ਨੂੰ ਅਜਿਹੇ ਇੱਕ ਚਿੱਤਰ ਤੇ ਬੈਠ ਕੇ ਸਮਝਾਓ ਤਾਂ ਇਤਨੀ ਭੀੜ ਨੂੰ ਕਿਵੇਂ ਸਮਝਾ ਸਕੋਗੇ। ਪਰੰਤੂ ਪਹਿਲੇ - ਪਹਿਲੇ ਬਾਪ ਦੇ ਚਿੱਤਰ ਤੇ ਸਮਝਾਉਣਾ ਮੁੱਖ ਹੈ। ਸਮਝਾਉਣਾ ਪੈਂਦਾ ਹੈ - ਭਗਤੀ ਹੈ ਅਥਾਹ, ਗਿਆਨ ਤੇ ਹੈ ਇੱਕ। ਬਾਪ ਕਿੰਨੀਆਂ ਯੁਕਤੀਆਂ ਬੱਚਿਆ ਨੂੰ ਦਸਦੇ ਰਹਿੰਦੇ ਹਨ। ਪਤਿਤ ਪਾਵਨ ਇੱਕ ਬਾਪ ਹੈ। ਰਸਤਾ ਵੀ ਦੱਸਦੇ ਹਨ। ਗੀਤਾ ਕਦੋਂ ਸੁਣਾਈ? ਇਹ ਵੀ ਕਿਸੇ ਨੂੰ ਪਤਾ ਨਹੀਂ। ਦਵਾਪਰ ਯੁੱਗ ਨੂੰ ਕੋਈ ਸੰਗਮ ਯੁੱਗ ਨਹੀਂ ਕਿਹਾ ਜਾਂਦਾ। ਯੁਗੇ-ਯੁਗੇ ਤਾਂ ਬਾਪ ਨਹੀਂ ਆਉਂਦੇ ਹਨ।। ਮਨੁੱਖ ਤਾਂ ਬਿਲਕੁਲ ਮੂੰਝ ਪਏ ਹਨ। ਸਾਰਾ ਦਿਨ ਇਹ ਹੀ

ਖ਼ਿਆਲ ਚੱਲਦੇ ਹਨ, ਕਿਵੇਂ ਕਿਵੇਂ ਸਮਝਾਇਆ ਜਾਵੇ। ਬਾਪ ਨੂੰ ਡਾਇਰੈਕਸ਼ਨ ਦੇਣੇ ਪੈਂਦੇ ਹਨ। ਟੇਪ ਤੇ ਵੀ ਮੁਰਲੀ ਪੂਰੀ ਸੁਣ ਸਕਦੇ ਹਨ। ਕੋਈ ਕੋਈ ਕਹਿੰਦੇ ਹਨ ਅਸੀਂ ਟੇਪ ਦੁਆਰਾ ਸੁਣ ਰਹੇ ਹਾਂ। ਕਿਉਂ ਨਾ ਡਾਇਰੈਕਟ ਜਾਕੇ ਸੁਣੀਏ, ਇਸਲਈ ਸਾਮ੍ਹਣੇ ਆਉਂਦੇ ਹਨ। ਬੱਚਿਆਂ ਨੂੰ ਬਹੁਤ ਸਰਵਿਸ ਕਰਨੀ ਹੈ। ਰਸਤਾ ਦੱਸਣਾ ਹੈ। ਪ੍ਰਦਰਸ਼ਨੀ ਵਿੱਚ ਆਉਂਦੇ ਹਨ। ਚੰਗਾ -ਚੰਗਾ ਵੀ ਕਹਿੰਦੇ ਹਨ ਫਿਰ ਬਾਹਰ ਜਾਣ ਨਾਲ ਮਾਇਆ ਦੇ ਵਾਯੂਮੰਡਲ ਵਿੱਚ ਸਭ ਉੱਡ ਜਾਂਦੇ ਹਨ। ਸਿਮਰਨ ਨਹੀਂ ਕਰਦੇ ਹਨ। ਉਹਨਾਂ ਦੀ ਫਿਰ ਪਿੱਠ ਕਰਨੀ ਚਾਹੀਦੀ ਹੈ। ਬਾਹਰ ਜਾਣ ਨਾਲ ਮਾਇਆ ਖਿੱਚ ਲੈਂਦੀ ਹੈ। ਗੋਰਖ ਧੰਦੇ ਵਿੱਚ ਲੱਗ ਪੈਂਦੇ ਹਨ ਇਸ ਲਈ ਮਧੂਬਨ ਦਾ ਗਾਇਨ ਹੈ। ਤੁਹਾਨੂੰ ਤਾਂ ਹੁਣ ਸਮਝ ਮਿਲੀ ਹੈ। ਤੁਸੀਂ ਉੱਥੇ ਵੀ ਜਾ ਕੇ ਸਮਝਾਵੋਗੇ। ਗੀਤਾ ਦਾ ਭਗਵਾਨ ਕੌਣ ਹੈ? ਪਹਿਲਾਂ ਤਾਂ ਤੁਸੀਂ ਵੀ ਇਵੇਂ ਹੀ ਜਾ ਕੇ ਮੱਥਾ ਝੁਕਾਉਂਦੇ ਸੀ। ਹੁਣ ਤਾਂ ਤੁਸੀਂ ਬਿਲਕੁਲ ਬਦਲ ਗਏ ਹੋ। ਭਗਤੀ ਛੱਡ ਦਿੱਤੀ ਹੈ। ਤੁਸੀਂ ਹੁਣ ਮਨੁੱਖ ਤੋਂ ਦੇਵਤਾ ਬਣ ਰਹੇ ਹੋ। ਬੁੱਧੀ ਵਿੱਚ ਸਾਰੀ ਨਾਲੇਜ ਹੈ। ਹੋਰ ਕੀ ਜਾਨਣ ਪ੍ਰਜਾਪਿਤਾ ਬ੍ਰਹਮਾ ਕੁਮਾਰ, ਕੁਮਾਰੀਆਂ ਕੌਣ ਹਨ। ਤੁਸੀ ਸਮਝਦੇ ਹੋ, ਅਸਲ ਵਿੱਚ ਤੁਸੀਂ ਵੀ ਪ੍ਰਜਾਪਿਤਾ ਬ੍ਰਹਮਾ ਕੁਮਾਰ- ਕੁਮਾਰੀ ਹੋ। ਇਸ ਵਕਤ ਹੀ ਬ੍ਰਹਮਾ ਦੁਆਰਾ ਸਥਾਪਨਾ ਹੋ ਰਹੀ ਹੈ। ਬ੍ਰਾਹਮਣ ਕੁਲ ਵੀ ਜ਼ਰੂਰ ਚਾਹੀਦਾ ਹੈ ਨਾ। ਸੰਗਮ ਤੇ ਹੀ ਬ੍ਰਾਹਮਣ ਕੁੱਲ ਹੁੰਦਾ ਹੈ। ਪਹਿਲਾਂ ਬ੍ਰਾਹਮਣਾਂ ਦੀ ਚੋਟੀ ਮਸ਼ਹੂਰ ਸੀ। ਚੋਟੀ ਤੋਂ ਜਾਂ ਜਨੇਊ ਤੋਂ ਪਹਿਚਾਣਦੇ ਸਨ ਕਿ ਇਹ ਹਿੰਦੂ ਹਨ। ਹੁਣ ਤਾਂ ਇਹ ਨਿਸ਼ਾਨੀਆਂ ਵੀ ਚਲੀਆਂ ਗਈਆਂ ਹਨ। ਹੁਣ ਤੁਸੀਂ ਜਾਣਦੇ ਹੋ ਅਸੀਂ ਬ੍ਰਾਹਮਣ ਹਾਂ। ਬ੍ਰਾਹਮਣ ਬਣਨ ਦੇ ਬਾਅਦ ਫਿਰ ਦੇਵਤਾ ਬਣ ਸਕਦੇ ਹਾਂ। ਬ੍ਰਾਹਮਣਾਂ ਨੇ ਹੀ ਨਵੀਂ ਦੁਨੀਆਂ ਸਥਾਪਨ ਕੀਤੀ ਹੈ। ਯੋਗ ਬਲ ਨਾਲ ਸਤੋਪ੍ਰਧਾਨ ਬਣ ਰਹੇ ਹੋ। ਆਪਣੀ ਜਾਂਚ ਰੱਖਣੀ ਹੈ। ਕੋਈ ਵੀ ਆਸੁਰੀ ਗੁਣ ਨਾ ਹੋਵੇ। ਲੂਣ ਪਾਣੀ ਨਹੀਂ ਬਣਨਾ ਹੈ। ਇਹ ਤਾਂ ਯੱਗ ਹੈ ਨਾ। ਯੱਗ ਵਿਚੋਂ ਸਭ ਦੀ ਸੰਭਾਲ ਹੁੰਦੀ ਰਹਿੰਦੀ ਹੈ। ਯੱਗ ਵਿੱਚ ਸੰਭਾਲਣ ਵਾਲੇ ਟਰੱਸਟੀ ਵੀ ਰਹਿੰਦੇ ਹਨ। ਯੱਗ ਦਾ ਮਾਲਿਕ ਹੈ ਸ਼ਿਵਬਾਬਾ। ਇਹ ਬ੍ਰਹਮਾ ਵੀ ਟਰੱਸਟੀ ਹੈ। ਯੱਗ ਦੀ ਸਭਾਲ ਕਰਨੀ ਪੈਂਦੀ ਹੈ। ਤੁਹਾਨੂੰ ਬੱਚਿਆ ਨੂੰ ਜੋ ਚਾਹੀਦਾ ਹੈ ਯੱਗ ਤੋਂ ਲੈਣਾ ਹੈ। ਕਿਸੇ ਹੋਰ ਤੋਂ ਲੈ ਕੇ ਪਹਿਣੋਗੇ ਤਾਂ ਉਹ ਯਾਦ ਆਉਂਦਾ ਰਹੇਗਾ। ਇਸ ਵਿੱਚ ਬੁੱਧੀ ਦੀ ਲਾਈਨ ਬਹੁਤ ਕਲੀਅਰ ਚਾਹੀਦੀ ਹੈ। ਹੁਣ ਤੇ ਵਾਪਿਸ ਜਾਣਾ ਹੈ। ਸਮਾਂ ਬਹੁਤ ਘੱਟ ਹੈ ਇਸਲਈ ਯਾਦ ਦੀ ਯਾਤਰਾ ਪੱਕੀ ਰਹੇ। ਇਹ ਹੀ ਪੁਰਸ਼ਾਰਥ ਕਰਨਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੀ ਉੱਨਤੀ ਦੇ ਲਈ ਰੂਹਾਨੀ ਸਰਵਿਸ ਵਿੱਚ ਤਿਆਰ ਰਹਿਣਾ ਹੈ। ਜੋ ਵੀ ਗਿਆਨ ਰਤਨ ਮਿਲੇ ਹਨ ਉਹਨਾਂ ਨੂੰ ਧਾਰਨ ਕਰਕੇ ਦੂਸਰਿਆਂ ਨੂੰ ਕਰਵਾਉਣਾ ਹੈ।

2. ਆਪਣੀ ਜਾਂਚ ਕਰਨੀ ਹੈ ਸਾਡੇ ਵਿੱਚ ਕੋਈ ਆਸੁਰੀ ਗੁਣ ਤੇ ਨਹੀਂ ਹਨ? ਅਸੀਂ ਟਰੱਸਟੀ ਬਣਕੇ ਰਹਿੰਦੇ ਹਾਂ? ਕਦੇ ਲੂਣ ਪਾਣੀ ਤੇ ਨਹੀਂ ਬਣਦੇ ਹਾਂ? ਬੁੱਧੀ ਦੀ ਲਾਈਨ ਕਲੀਅਰ ਹੈ?

ਵਰਦਾਨ:- ਪੁਰਸ਼ਾਰਥ ਦੇ ਸੂਕ੍ਸ਼੍ਮ ਆਲਸ ਦਾ ਵੀ ਤਿਆਗ ਕਰਨ ਵਾਲੇ ਆਲਰਾਉਂਡਰ ਅਲਰਟ ਭਵ

ਪੁਰਸ਼ਾਰਥ ਦੀ ਥਕਾਵਟ ਆਲਸ ਦੀ ਨਿਸ਼ਾਨੀ ਹੈ ਆਲਸ ਵਾਲੇ ਜਲਦੀ ਥੱਕਦੇ ਹਨ, ਉਮੰਗ ਵਾਲੇ ਅਥੱਕ ਹੁੰਦੇ ਹਨ। ਜੋ ਪੁਰਸ਼ਾਰਥ ਵਿੱਚ ਦਿਲਸਿਕਸ਼ਤ ਹੁੰਦੇ ਹਨ ਉਹਨਾਂ ਨੂੰ ਹੀ ਆਲਸ ਆਉਂਦਾ ਹੈ, ਉਹ ਸੋਚਦੇ ਹਨ ਕੀ ਕਰੀਏ ਐਨਾ ਹੀ ਹੋ ਸਕਦਾ ਹੈ, ਜ਼ਿਆਦਾ ਨਹੀਂ ਹੋ ਸਕਦਾ। ਹਿੰਮਤ ਨਹੀਂ ਹੈ, ਚਲ ਤਾਂ ਰਹਿ ਹਾਂ, ਕਰ ਤੇ ਰਹੇ ਹਾਂ - ਆਲਸ ਇਸ ਸੂਕ੍ਸ਼੍ਮ ਆਲਸ ਦਾ ਵੀ ਨਾਮ ਨਿਸ਼ਾਨ ਨਾ ਰਹੇ ਇਸਦੇ ਲਈ ਸਦਾ ਅਲਰਟ, ਏਵਰਰੇਡੀ ਅਤੇ ਆਲਰਾਉਂਡਰ ਬਣੋ।

ਸਲੋਗਨ:- ਸਮੇਂ ਦੇ ਮਹੱਤਵ ਨੂੰ ਸਾਮਣੇ ਰੱਖ ਸਰਵ ਪ੍ਰਾਪਤੀਆਂ ਦਾ ਖਾਤਾ ਫੁੱਲ ਜਮਾਂ ਕਰੋ।

******

ਅਵਿੱਅਕਤ ਇਸ਼ਾਰੇ - ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਆਵਾਜ਼ ਤੋਂ ਪਰੇ ਆਪਣੀ ਸ੍ਰੇਸ਼ਠ ਸਥਿਤੀ ਵਿੱਚ ਸਥਿਤ ਹੋ ਜਾਓ ਤਾਂ ਸਰਵ ਵਿਅੱਕਤ ਆਕਰਸ਼ਣ ਤੋਂ ਪਰੇ ਸ਼ਕਤੀਸ਼ਾਲੀ ਨਿਆਰੀ ਅਤੇ ਪਿਆਰੀ ਸਥਿਤੀ ਬਣ ਜਾਏਗੀ। ਇਕ ਸੈਕਿੰਡ ਵੀ ਇਸ ਸ੍ਰੇਸ਼ਠ ਸਥਿਤੀ ਵਿੱਚ ਸਥਿਤ ਹੋਵੋਗੇ ਤਾਂ ਇਸਦਾ ਪ੍ਰਭਾਵ ਸਾਰੇ ਦਿਨ ਵਿੱਚ ਕਰਮ ਕਰਦੇ ਹੋਏ ਵੀ ਖੁਦ ਵਿੱਚ ਸ਼ਾਂਤੀ ਦੀ ਸ਼ਕਤੀ ਦਾ ਅਨੁਭਵ ਕਰਨਗੇ, ਇਸ ਸਥਿਤੀ ਨੂੰ ਕਰਮਾਤੀਤ ਸਥਿਤੀ, ਬਾਪ ਸਮਾਨ ਸਮਪੂਰਨ ਸਥਿਤੀ ਕਿਹਾ ਜਾਂਦਾ ਹੈ।